# Maharaja Ranjit Singh Punjab Technical University
# Dabwali Road,Bathinda.

(Established by Govt. of Punjab vide Punjab Act No. 5 of 2015 and approved Under Section 2(f) & 12(B) of UGC)

Dated____________

Ref. No. MRSPTU/Estate/24-25/____________

## ਡਿੱਗੇ ਦਰੱਖਤਾਂ ਦੀ ਪਈ ਸੁੱਕੀ ਲੱਕੜ ਦੀ ਬੋਲੀ ਲਈ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿੱਚ ਡਿੱਗੇ ਦਰੱਖਤਾਂ ਦੀ ਪਈ ਸੁੱਕੀ ਲੱਕੜ 'ਜਿਵੇਂ ਹੈ ਜਿਥੇ ਹੈ, ਦੇ ਅਨੁਸਾਰ ਵੇਚਣ ਲਈ ਖੁੱਲ੍ਹੀ ਬੋਲੀ ਮਿਤੀ 22-10-2024 ਦਿਨ ਮੰਗਲਵਾਰ ਨੂੰ ਨਿਸ਼ਚਿਤ ਕੀਤੀ ਗਈ ਹੈ।

**ਵੇਰਵਾ ਹੇਠ ਲਿਖੇ ਅਨੁਸਾਰ ਹੈ।**

| ਲੜੀ ਨੰ: | ਵੇਰਵਾ | ਰਾਖਵੀਂ ਬੋਲੀ | ਬੋਲੀ ਸਮੇਂ ਜਮ੍ਹਾਂ ਰਕਮ |
|---|---|---|---|
| 1 | ਡਿੱਗੇ ਦਰੱਖਤਾਂ ਦੀ ਪਈ ਸੁੱਕੀ ਲੱਕੜ | 3,24,565/- + 18% ਜੀ.ਐਸ.ਟੀ ਅਤੇ 2.5% ਟੀ.ਸੀ.ਐਸ | ਰੁਪਏ 100000/- |

ਚਾਹਵਾਨ ਸੱਜਣ ਜੋ ਬੋਲੀ ਵਿੱਚ ਭਾਗ ਲੈਣਾ ਚਾਹੁੰਦੇ ਹਨ ਨਿਸ਼ਚਿਤ ਮਿਤੀ ਨੂੰ ਸਵੇਰੇ 11:00 ਵਜੇ ਯੂਨੀਵਰਸਿਟੀ ਦੇ ਆਡੀਟੋਰੀਅਮ ਵਿੱਚ ਆ ਕੇ ਬੋਲੀ ਦੇ ਸਕਦੇ ਹਨ।

ਜ਼ਮਾਨਤੀ ਰਕਮ ਬਤੌਰ ਬਿਆਨਾ ਰਕਮ ਬੋਲੀ ਦੇਣ ਸਮੇਂ ਮੌਕੇ ਤੇ ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ, ਬਠਿੰਡਾ ਦੇ ਨਾਮ ਤੇ ਡੀ.ਡੀ ਰਾਹੀਂ ਜਮ੍ਹਾਂ ਕਰਵਾਉਣੀ ਹੋਵੇਗੀ। ਜੇਕਰ ਕੋਈ ਵਿਅਕਤੀ ਲੱਕੜ ਦੇਖਣਾ ਚਾਹੁੰਦਾ ਹੈ ਤਾਂ ਉਹ ਕਿਸੇ ਕੰਮ ਵਾਲੇ ਦਿਨ (ਸਵੇਰੇ 9 ਤੋਂ ਸ਼ਾਮ 5 ਵਜੇ ਤੱਕ) ਆ ਕੇ ਵੇਖ ਸਕਦਾ ਹੈ।

ਨਿਮਨ ਹਸਤਾਖਰ ਕੋਲ ਬੋਲੀ ਸਵੀਕਾਰ/ ਅਸਵੀਕਾਰ/ ਰੱਦ ਜਾਂ ਮੁਲਤਵੀ ਕਰਨ ਦਾ ਅਧਿਕਾਰ ਰਾਖਵਾਂ ਹੈ। ਬਾਕੀ ਦੀਆਂ ਸ਼ਰਤਾਂ ਕਾਲਜ ਦੀ ਵੈਬਸਾਈਟ www.gzscampus.ac.in ਅਤੇ ਯੂਨੀਵਰਸਿਟੀ ਦੀ ਵੈਬਸਾਈਟ www.mrsptu.ac.in ਤੇ ਦੇਖੀਆਂ ਜਾ ਸਕਦੀਆਂ ਹਨ।

ਰਜਿਸਟਰਾਰ

O/C

Scanned with OKEN Scanner

ਯੂਨੀਵਰਸਿਟੀ ਕੈਂਪਸ ਵਿੱਚ ਡਿੱਗੇ ਹੋਏ ਸੁੱਕੇ ਦਰੱਖਤਾਂ ਦੀ ਲੱਕੜ ਦੀ ਬੋਲੀ ਮਿਤੀ 22-10-2024 ਦਿਨ ਮੰਗਲਵਾਰ ਬਾਅਦ ਸਵੇਰੇ 11:00 ਵਜੇ ਸਬੰਧੀ ਜਰੂਰੀ ਸ਼ਰਤਾਂ:

1. ਹਰ ਬੋਲੀਕਾਰ ਬੋਲੀ ਦੇ ਮੌਕੇ ਤੇ ਬੋਲੀ ਦੇਣ ਤੋ ਪਹਿਲਾਂ ਰੁਪਏ 1,00,000/- (ਇੱਕ ਲੱਖ, ਜਿਸ ਵਿੱਚੋ 50,000/- ਰੁਪਏ ਬਤੌਰ ਜ਼ਮਾਨਤੀ ਰਕਮ + 50,000/- ਰੁਪਏ ਬਤੌਰ ਸਕਿਉਰਟੀ ਰਕਮ (ਜੋ ਕਿ ਲੱਕੜ ਚੁੱਕਣ ਉਪਰੰਤ ਰੀਫਿੰਡ ਕੀਤੀ ਜਾਵੇਗੀ)) ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ, ਬਠਿੰਡਾ ਦੇ ਨਾਮ ਤੇ ਡੀ.ਡੀ ਰਾਹੀਂ ਜਮ੍ਹਾਂ ਕਰਵਾਏਗਾ ਅਤੇ ਇਹ ਰਕਮ ਜਿਸ ਦੀ ਬੋਲੀ ਪ੍ਰਵਾਨ ਹੋਵੇਗੀ ਅਤੇ ਦੂਸਰੇ ਨੰਬਰ ਵਾਲੇ ਨੂੰ ਛੱਡ ਕੇ ਬਾਕੀ ਬੋਲੀਕਾਰਾਂ ਦੀ ਪੂਰੀ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਦੂਸਰੇ ਬੋਲੀਕਾਰ ਨੂੰ ਜਮਾਨਤੀ ਰਕਮ ਪਹਿਲੇ ਬੋਲੀਕਾਰ ਵੱਲੋ ਕੰਮ ਸ਼ੁਰੂ ਕਰਨ ਤੋਂ ਬਾਅਦ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਲੱਕੜ ਦੇ ਦਿੱਤੀ ਜਾਵੇਗੀ। ਸਰਕਾਰੀ ਬੋਲੀ/ ਰਿਜਰਵ ਕੀਮਤ ਰੁਪਏ 3,24,565/- ਰੱਖੀ ਗਈ ਹੈ (ਜੋ ਕਿ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ, ਬਠਿੰਡਾ ਵੱਲੋਂ ਅਸੈਸ ਕੀਤੀ ਗਈ ਹੈ)। 18% ਜੀ.ਐਸ.ਟੀ ਅਤੇ 2.5% ਟੀ.ਸੀ.ਐਸ (Forest Scrap) ਕੁੱਲ ਰਕਮ ਤੇ ਅਲੱਗ ਤੋ ਚਾਰਜ ਕੀਤਾ ਜਾਵੇਗਾ।
2. ਬੋਲੀ ਦੌਰਾਨ ਬੋਲੀਕਾਰ ਤੋਂ ਇਲਾਵਾ ਹੋਰ ਕਿਸੇ ਵੀ ਵਿਅਕਤੀ ਦੇ ਸ਼ਾਮਿਲ ਹੋਣ ਦੀ ਮਨਾਹੀ ਹੋਵੇਗੀ ਅਤੇ ਬੋਲੀਕਾਰਾਂ ਵੱਲੋਂ ਆਪਣੇ ਮੋਬਾਇਲ ਫੋਨ ਪੂਰੀ ਬੋਲੀ ਦੌਰਾਨ ਬੰਦ ਰੱਖੇ ਜਾਣਗੇ।
3. ਸਫਲ ਬੋਲੀਦਾਤਾ ਬੋਲੀ ਦੀ ਬਾਕੀ ਰਕਮ ਤਿੰਨ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਏਗਾ ਅਤੇ ਉਸ ਤੋਂ ਬਾਅਦ ਹੀ ਲੱਕੜ ਚੁੱਕ ਸਕੇਗਾ। ਜਮ੍ਹਾ ਕਰਵਾਈ ਰਕਮ ਉੱਪਰ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।
4. ਲੱਕੜ ਦੀ ਢੋਆ-ਢੁਆਈ ਆਦਿ ਦਾ ਖਰਚਾ ਬੋਲੀਕਾਰ ਦਾ ਹੋਵੇਗਾ।
5. ਢੁਆ-ਢੁਆਈ ਦੌਰਾਨ ਯੂਨੀਵਰਸਿਟੀ ਕੈਂਪਸ ਦੀ ਕਿਸੇ ਵੀ ਪ੍ਰਾਪਟੀ ਨੂੰ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ। ਜੇਕਰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਉਸ ਅਨੁਸਾਰ ਲੋੜੀਂਦੀ ਕਾਰਵਾਈ ਯੂਨੀਵਰਸਿਟੀ ਪ੍ਰਸ਼ਾਸ਼ਨ ਵੱਲੋ ਕੀਤੀ ਜਾਵੇਗੀ।
6. ਲੱਕੜ ਉਪਰ ਜੇਕਰ ਕੋਈ ਟੈਕਸ ਵਗੈਰਾ ਲੱਗਦਾ ਹੈ ਤਾਂ ਉਸ ਦਾ ਖਰਚਾ ਵੀ ਬੋਲੀਕਾਰ ਦਾ ਹੋਵੇਗਾ।
7. ਲੱਕੜ ਯੂਨੀਵਰਸਿਟੀ ਕੈਂਪਸ ਤੋਂ ਗੇਟ ਪਾਸ ਜਾਰੀ ਹੋਣ ਉਪਰੰਤ ਕੰਮ-ਕਾਜ ਵਾਲੇ ਦਿਨ ਹੀ ਬਾਹਰ ਜਾਵੇਗੀ ਅਤੇ ਗੇਟ ਤੋਂ ਬਾਹਰ ਜਾਣ ਉਪਰੰਤ ਯੂਨੀਵਰਸਿਟੀ ਦੀ ਕਿਸੇ ਤਰ੍ਹਾਂ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।
8. ਸਫਲ ਬੋਲੀਕਾਰ ਵੱਲੋ ਲੱਕੜ 25 ਦਿਨਾਂ ਦੇ ਅੰਦਰ-ਅੰਦਰ ਚੁੱਕਣੀ ਪਵੇਗੀ। ਜੇਕਰ ਸਫਲ ਬੋਲੀਕਾਰ ਨਿਰਧਾਰਿਤ ਸਮੇਂ ਦੌਰਾਨ ਲੱਕੜ ਨਹੀਂ ਚੁੱਕਦਾ ਤਾਂ ਉਸ ਦੀ ਬੋਲੀ ਬਿਨ੍ਹਾ ਕਿਸੇ ਨੋਟਿਸ ਦੇ ਰੱਦ ਕਰਕੇ ਉਸ ਵੱਲੇ ਜਮ੍ਹਾਂ ਕਰਵਾਈ ਰਕਮ ਜਬਤ ਕਰਨ ਦਾ ਅਧਿਕਾਰ ਰਜਿਸਟਰਾਰ ਕੋਲ ਹੋਵੇਗਾ ਅਤੇ ਦੂਸਰੇ ਨੰਬਰ ਦੇ ਬੋਲੀਕਾਰ ਨੂੰ ਮੌਕਾ ਦਿੱਤਾ ਜਾ ਸਕਦਾ ਹੈ।
9. ਇਹ ਜਰੂਰੀ ਹੈ ਕਿ ਬੋਲੀਦਾਤਾ ਦਾ ਵਿਵਹਾਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਪ੍ਰਤੀ ਚੰਗਾ ਹੋਵੇ ਅਤੇ ਗਲਤ ਵਿਵਹਾਰ ਬਾਰੇ

1 [signature] 2 [signature] 3 [signature] 1/10/24 4 [signature] 5 O.L



Scanned with OKEN Scanner

ਸ਼ਿਕਾਇਤ ਦੀ ਸੂਰਤ ਵਿੱਚ ਰਜਿਸਟਰਾਰ ਕੋਲ ਅਧਿਕਾਰ ਹੋਵੇਗਾ ਕਿ ਉਹ ਤੁਰੰਤ ਉਸ ਦੀ ਅਲਾਟਮੈਂਟ ਰੱਦ ਕਰ ਸਕਦਾ ਹੈ।

10. ਹਰ ਬੋਲੀਕਾਰ ਬੋਲੀ ਦੇਣ ਤੋਂ ਪਹਿਲਾਂ ਲੱਕੜ ਦਾ ਨਿਰੀਖਣ ਯੂਨੀਵਰਸਿਟੀ ਕੈਂਪਸ ਵਿੱਚ "ਜਿਵੇਂ ਹੈ ਜਿੱਥੇ ਹੈ" ਦੇ ਅਨੁਸਾਰ ਕਿਸੇ ਵੀ ਕੰਮਕਾਜ ਵਾਲੇ ਦਿਨ (ਸਵੇਰੇ 9 ਤੋਂ ਸ਼ਾਮ 5 ਵਜੇ ਤੱਕ) ਆ ਕੇ ਕਰ ਸਕਦੇ ਹਨ।
11. ਹਰ ਬੋਲੀਕਾਰ ਵੱਲੋ ਆਪਣੀ ਨਿਰੀਖਣ ਅਨੁਸਾਰ ਹੀ ਲੱਕੜ ਦੀ ਬੋਲੀ ਦਿੱਤੀ ਜਾਵੇ।
12. ਸਫਲ ਬੋਲੀਕਾਰ ਵੱਲੋ ਲਿਆਂਦੇ ਵਾਹਨ ਦੀ ਯੂਨੀਵਰਸਿਟੀ ਪ੍ਰਸ਼ਾਸ਼ਨ ਵੱਲੋ ਕਿਸੇ ਸਮੇਂ ਵੀ ਚੈਕਿੰਗ ਕੀਤੀ ਜਾ ਸਕਦੀ ਹੈ।
13. ਰਜਿਸਟਰਾਰ ਨੂੰ ਬਿਨਾਂ ਕਿਸੇ ਕਾਰਨ ਦੱਸੇ ਬੋਲੀ ਪ੍ਰਵਾਨ/ ਅਪ੍ਰਵਾਨ/ ਮੁਲਤਵੀ/ ਰੱਦ ਕਰਨ ਦਾ ਪੂਰਾ-ਪੂਰਾ ਅਧਿਕਾਰ ਹੋਵੇਗਾ।
14. ਬੋਲੀ ਸਬੰਧੀ ਕਿਸੇ ਕਿਸਮ ਦਾ ਫੈਸਲਾ ਅਤੇ ਸ਼ਰਤਾਂ ਵਿੱਚ ਕੋਈ ਬਦਲਾਅ ਕਮੇਟੀ ਮੌਕੇ ਤੇ ਕਰਨ ਯੋਗ ਹੋਵੇਗੀ।
15. ਢੁਆ-ਢੁਆਈ ਦੌਰਾਨ ਕਿਸੇ ਵੀ ਜਾਨੀ-ਮਾਲੀ ਨੁਕਸਾਨ ਦੀ ਯੂਨੀਵਰਸਿਟੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।
16. ਸਫਲ ਬੋਲੀਕਾਰ ਵੱਲੋ ਕੋਵਿਡ-19/ ਕੁਦਰਤੀ ਆਫਤ/ ਯੂਨੀਵਰਸਿਟੀ ਜਾਂ ਪੰਜਾਬ ਜਾਂ ਕੇਂਦਰ ਸਰਕਾਰ ਵੱਲੋ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ।

ਕਮੇਟੀ ਮੈਂਬਰ:

1. (ਡਾ. ਮਨਜੀਤ ਬਾਂਸਲ)
2. (ਡਾ ਇਕਬਾਲ ਸਿੰਘ)
3. 1/10/24 (ਇੰਜ: ਰੁਪਿੰਦਰ ਸਿੰਘ)
4. (ਸ਼੍ਰੀਮਤੀ ਗੀਤਿਕਾ ਸੂਦ)
5. (ਇੰਜ: ਰਜਿੰਦਰਵੀਰ ਸਿੰਘ)

ਰਜਿਸਟਰਾਰ



Scanned with OKEN Scanner